# ਦਫਤਰ ਨਗਰ ਕੌਂਸਲ ਖਰੜ

ਵੱਲ

ਮੈਸ: ਮਿੱਤਲ ਟਾਊਨਸ਼ਿਪ ਪ੍ਰਾ: ਲਿਮਿ:,
ਐਸ.ਸੀ.ਐਫ. ਨੰ. 3 ਸ਼ਿਵਾਲਿਕ ਸਿਟੀ,
ਲਾਂਡਰਾਂ ਰੋਡ, ਸੈਕਟਰ 127 ਗਰੇਟਰ ਮੋਹਾਲੀ।

ਨੰ........1716........ ਮਿਤੀ.......10/8/2018

ਵਿਸ਼ਾ: Regarding Partially Completion Certificate of Block B and D in Group Housing Project namely PARADISE APPARTMENTS, Vill. Chhajumajra, Kharar, Mohali.

ਉਪਰੋਕਤ ਵਿਸ਼ੇ ਸਬੰਧੀ ਆਪਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਉਕਤ ਪ੍ਰੋਜੈਕਟ PARADISE APPARTMENTS ਦੇ Block B ਦੇ ਕੁੱਲ 96 ਫਲੈਟ ਅਤੇ Block D ਦੇ ਕੁੱਲ 72 ਫਲੈਟ ਦਾ ਪਾਰਸ਼ੀਅਲ ਕੰਪਲੀਸ਼ਨ ਸਰਟੀਫਿਕੇਟ ਇਸ ਸ਼ਰਤ ਉਪਰ ਜਾਰੀ ਕੀਤਾ ਜਾਂਦਾ ਹੈ ਕਿ ਆਪ ਵਲੋਂ ਬਿਲਡਿੰਗ ਬਾਇਲਾਜ ਅਨੁਸਾਰ ਜਾਰੀ ਸ਼ਰਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇਗੀ ਅਤੇ ਪ੍ਰੋਜੈਕਟ ਅੰਦਰ ਕਿਸੇ ਵੀ ਤਰ੍ਹਾਂ ਦੀ ਕੋਈ ਐਡੀਸ਼ਨ/ਚੇਂਜ ਕਰਨ ਤੋਂ ਪਹਿਲਾਂ ਨਗਰ ਕੌਂਸਲ ਤੋਂ ਪ੍ਰਵਾਨਗੀ ਲੈਣੀ ਹੋਵੇਗੀ ਅਤੇ ਸਰਕਾਰ/ ਨਗਰ ਕੌਂਸਲ ਵਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਹੋਵੇਗੀ। ਇਸਤੋਂ ਇਲਾਵਾ ਆਪ ਪ੍ਰੋਜੈਕਟ ਅੰਦਰ ਫਾਇਰ ਪ੍ਰੋਟੈਕਸ਼ਨ ਅਤੇ ਪੀ.ਪੀ.ਸੀ.ਬੀ. ਦੇ ਯੋਗ ਪ੍ਰਬੰਧਾਂ ਨੂੰ ਹਮੇਸ਼ਾਂ ਚਾਲੂ ਅਵਸਥਾ ਵਿੱਚ ਰੱਖਣ ਦੇ ਪਾਬੰਦ ਹੋਵੋਗੇ, ਫਾਇਰ ਵਿਭਾਗ ਅਤੇ ਪੀ.ਪੀ.ਸੀ.ਬੀ. ਦੇ ਐਨ.ਓ.ਸੀ. ਦੀਆਂ ਸ਼ਰਤਾਂ ਦੀਆਂ ਪਾਲਣਾ ਕਰਨ ਦੇ ਪਾਬੰਦ ਹੋਵੋਗੇ, ਪ੍ਰੋਜੈਕਟ ਸਬੰਧੀ ਦਿੱਤੀ ਗਈ ਸਟੇਟਮੈਂਟ/ ਅੰਡਰਟੇਕਿੰਗ ਦੇ ਪਾਬੰਦ ਹੋਵੋਗੇ ਅਤੇ ਈ.ਡਬਲਿਯੂ.ਐਸ. ਫਲੈਟਾਂ ਦੀ ਡਿਸਪੋਜਲ ਰੂਲਾਂ/ ਹਦਾਇਤਾਂ/ਪਾਲਿਸੀ ਅਤੇ ਦਿੱਤੀ ਹੋਈ ਅੰਡਰਟੇਕਿੰਗ ਅਨੁਸਾਰ ਕਰਨ ਦੇ ਪਾਬੰਦ ਹੋਵੋਗੇ, ਮੁਕੰਮਲ ਪਲਾਟ ਰਕਬੇ ਦੀ ਇਨਵਾਇਰਮੈਂਟ ਕਲੀਅਰੈਂਸ ਪ੍ਰਾਪਤ ਕਰਨ ਉਪਰੰਤ ਅਤੇ ਟੈਂਪਰੇਰੀ ਸਟ੍ਰਕਚਰ ਹਟਾਉਣ ਉਪਰੰਤ ਰੂਲਾਂ/ਹਦਾਇਤਾਂ ਅਨੁਸਾਰ ਪ੍ਰੋਜੈਕਟ ਮੁਕੰਮਲ ਹੋਣ ਤੇ ਪੂਰੇ ਪ੍ਰੋਜੈਕਟ ਦਾ ਕੰਪਲੀਸ਼ਨ ਪਲਾਨ ਪ੍ਰਵਾਨ ਕਰਵਾਉਣ ਦੇ ਪਾਬੰਦ ਹੋਵੋਗੇ। ਜੇਕਰ ਸਾਈਟ ਪਲਾਨ ਵਿੱਚ ਕੋਈ ਸਟੱਕਚਰਲ ਤਬਦੀਲੀ ਕੀਤੀ ਜਾਂਦੀ ਹੈ ਤਾਂ ਇਸ ਸਬੰਧੀ ਤਕਨੀਕੀ ਪ੍ਰਵਾਨਗੀ ਸਰਕਾਰ ਤੋਂ ਪ੍ਰਾਪਤ ਕੀਤੀ ਜਾਵੇਗੀ। "The Persons with disability equal opportunities protection of right & full participation act 1995" ਅਤੇ ਰੇਨ ਵਾਟਰ ਹਾਰਵੈਸਟਿੰਗ, ਐਸ.ਟੀ.ਪੀ. ਦੀ ਵਿਵਸਥਾ ਹਮੇਸ਼ਾਂ ਚਾਲੂ ਹਾਲਤ ਵਿੱਚ ਰੱਖਣਾ ਆਪਦੀ ਨਿੱਜੀ ਜਿੰਮੇਵਾਰੀ ਹੋਵੇਗੀ। ਫਾਇਰ ਸੇਫਟੀ ਸਬੰਧੀ ਸਰਟੀਫਿਕੇਟ ਸਲਾਨਾ ਰੀਨਿਊ ਕਰਵਾ ਕੇ ਇਸ ਦਫਤਰ ਵਿਖੇ ਦੇਣਾ ਆਪਦੀ ਨਿੱਜੀ ਜਿੰਮੇਵਾਰੀ ਹੋਵੇਗੀ। ਜੇਕਰ ਆਪ ਦੇ ਪ੍ਰੋਜੈਕਟ ਦੀਆਂ ਫੀਸਾਂ ਸਬੰਧੀ ਕੋਈ ਰੀਕਵਰੀ ਆਦਿ ਨਿਕਲਦੀ ਹੈ ਤਾਂ ਆਪ ਉਹ ਰੀਕਵਰੀ ਜਮ੍ਹਾਂ ਕਰਵਾਉਣ ਦੇ ਪਾਬੰਦ ਰਹੋਗੇ। ਉਪਰੋਕਤ ਸ਼ਰਤਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਅਤੇ ਜੇਕਰ ਸਾਰੀਆਂ ਐਨ.ਓ.ਸੀਜ. ਪ੍ਰਾਪਤ ਨਹੀਂ ਕੀਤੀਆਂ ਜਾਂਦੀਆਂ ਤਾਂ ਆਪਦਾ ਪਾਰਸ਼ੀਅਲ ਕੰਪਲੀਸ਼ਨ ਸਰਟੀਫਿਕੇਟ ਬਿਨ੍ਹਾਂ ਕਿਸੇ ਨੋਟਿਸ ਤੇ ਰੱਦ ਸਮਝਿਆ ਜਾਵੇਗਾ।

9/8/18

ਕਾਰਜ ਸਾਧਕ ਅਫਸਰ,
ਨਗਰ ਕੌਂਸਲ ਖਰੜ।